੭

ਬਾਲ-ਮਿਤਰ ਗਿਆਨ-ਵਿਗਿਆਨ ਮਾਲਾ

# ਸਾਡੇ ਪੰਛੀ



ਬਾਲ-ਮਿਤਰ ਗਿਆਨ-ਵਿਗਿਆਨ ਮਾਲਾ

੭



# ਸਾਡੇ ਪੰਛੀ

ਸੰਤਰਾਮ ਵੱਤਸਯ



ਨੈਸ਼ਨਲ ਪਬਲਿਸ਼ਿੰਗ ਹਾਊਸ

ਪ੍ਰਕਾਸ਼ਕ :
ਨੈਸ਼ਨਲ ਪਬਲਿਸ਼ਿੰਗ ਹਾਊਸ
ਅਨਸਾਰੀ ਰੋਡ ਦਰਿਆ ਗੰਜ, ਦਿਲੀ ੬

ਪ੍ਰਥਮ ਸੰਸਕਰਣ, ੧੯੬੯
ਕੀਮਤ ; ੧.੫੦

ਚਿਤ੍ਰਕਾਰ :
ਯੋਗਿੰਦ੍ਰ ਕੁਮਾਰ ਲੱਲਾ,

ਮੁਦ੍ਰਕ ;,
ਪੁਰੀ ਪ੍ਰਿੰਟਰਜ਼, ਨਵੀਂ ਦਿੱਲੀ-੫



# ਸਾਡੇ ਪੰਛੀ

ਤੁਸੀ ਆਪਣੇ ਘਰ ਵਿਚ ਚਿੜੀ ਨੂੰ ਦੇਖਦੇ ਹੋ ।
ਕਬੂਤਰ ਦੀ ਗੁਟਰ ਗੂੰ ਸੁਣਦੇ ਹੋ ।
ਕੰਧ ਉਤੇ ਬੈਠਾ ਕਾਂ, ਕਾਂ-ਕਾਂ ਕਰਦਾ ਹੈ ।
ਚਿੜੀ, ਕਬੂਤਰ ਤੇ ਕਾਂ
ਇਹ ਸਭ ਪੰਛੀ ਹਨ ।
ਪੰਛੀ ਕਈ ਤਰਾਂ ਦੇ ਹੁੰਦੇ ਹਨ










ਜਿਨ੍ਹਾਂ ਜੀਵਾਂ ਦੇ ਸਰੀਰ ਉਪਰ
ਖੰਭ ਹੁੰਦੇ ਹਨ :
ਉਨ੍ਹਾਂ ਨੂੰ ਪੰਛੀ ਕਹਿੰਦੇ ਹਨ ।
ਖੰਭ, ਫੰਘ ਜਾਂ ਪਰ, ਇਕੋ ਗਲ ਹੈ ।
ਪੰਛੀਆਂ ਦੇ ਖੰਭ ਹੁੰਦੇ ਹਨ ।
ਖੰਭਾਂ ਨਾਲ ਪੰਛੀ ਆਕਾਸ਼ ਵਿਚ
ਉਡਦੇ ਹਨ ।







ਪੰਛੀਆਂ ਦੇ ਦੋ ਪੈਰ ਹੁੰਦੇ ਹਨ ।
ਪੈਰਾਂ ਦੀਆਂ ਉਂਗਲਾਂ ਹੁੰਦੀਆਂ ਹਨ ।
ਉਂਗਲਾਂ ਉਪਰ ਕੰਡੇ ਵਾਂਗ ਤਿੱਖੇ
ਨਹੁੰ ਹੁੰਦੇ ਹਨ ।
ਪੰਛੀ ਦੇ ਪੈਰ ਨੂੰ ਪੰਜਾ ਕਹਿੰਦੇ ਹਨ ।
ਪੰਛੀਆਂ ਦੇ ਹੱਥ ਨਹੀਂ ਹੁੰਦੇ ।
ਹੱਥਾਂ ਦਾ ਕੰਮ ਇਹ ਪਜਿਆਂ ਅਤੇ
ਚੁੰਝ ਨਾਲ ਕਰਦੇ ਹਨ ।















ਸਭਨਾਂ ਪੰਛੀਆਂ ਦੀ ਚੁੰਝ ਹੁੰਦੀ ਹੈ।
ਕਿਸੇ ਦੀ ਛੋਟੀ,
ਕਿਸੇ ਦੀ ਲੰਮੀ,
ਕਿਸੇ ਦੀ ਚਪੀਟੀ,
ਕਿਸੇ ਦੀ ਅਗੋਂ ਮੁੜੀ ਹੋਈ
ਕਿਸੇ ਦੀ ਤਿੱਖੀ,
ਕਿਸੇ ਦੀ ਖੁੰਡੀ।
ਪੰਛੀਆਂ ਦੀ ਚੁੰਝ ਉਨ੍ਹਾਂ ਦੇ ਭੋਜਨ
ਨੂੰ ਫੜਨ ਅਤੇ ਖਾਣ ਦੀ
ਲੋੜ ਅਨੁਸਾਰ ਬਣੀ
ਹੁੰਦੀ ਹੈ।



ਪੰਛੀਆਂ ਦੇ ਪੰਜੇ ਕਈ ਤਰਾਂ ਦੇ ਹੁੰਦੇ ਹਨ।
ਪੰਛੀ ਪੰਜਿਆਂ ਤੋਂ ਕੰਮ ਲੈਂਦੇ ਹਨ।
ਜਦੋਂ ਟਾਹਣੀ ਤੇ ਬੈਠਦੇ ਹਨ ਤਾਂ ਟਾਹਣੀ ਨੂੰ ਪੰਜਿਆਂ ਨਾਲ ਕੱਸਕੇ ਫੜਦੇ ਹਨ।



ਬਾਜ਼ ਆਪਣੇ ਤਿੱਖੇ, ਨੋਕਦਾਰ ਪੰਜਿਆਂ ਨਾਲ ਦੂਜੇ ਪੰਛੀਆਂ, ਚੂਹਿਆਂ ਅਤੇ ਛੋਟੇ ਜਾਨਵਰਾਂ ਨੂੰਝਪਟ ਕੇ ਫੜ ਲੈਂਦਾ ਹੈ, ਅਤੇ ਉਡ ਜਾਂਦਾ ਹੈ।

ਜਿਹੜੇ ਪੰਛੀ ਪਾਣੀ ਵਿਚ ਤਰਦੇ ਹਨ, ਉਨ੍ਹਾਂ ਦੇ ਪੰਜਿਆਂ ਦੀਆਂ ਉਂਗਲਾਂ ਪਤਲੀ ਚਮੜੀ ਦੀ ਝਿੱਲੀ ਨਾਲ ਆਪਸ ਵਿਚ ਜੁੜੀਆਂ ਹੁੰਦੀਆਂ ਹਨ। ਇਸ ਨਾਲ ਉਨ੍ਹਾਂ ਨੂੰ ਤਰਨ ਵਿਚ ਸਹਾਇਤਾ ਮਿਲਦੀ ਹੈ। ਬਤਖ਼ ਦਾ ਪੰਜਾ ਇਹੋ ਜਿਹਾ ਹੀ ਹੁੰਦਾ ਹੈ।





ਸਭਨਾਂ ਪੰਛੀਆਂ ਦੀਆਂ ਦੋ ਬਾਹਾਂ ਹੁੰਦੀਆਂ ਹਨ ।
ਇਨ੍ਹਾਂ ਨੂੰ ਡੈਨੇ ਕਹਿੰਦੇ ਹਨ ।
ਇਨ੍ਹਾਂ ਡੈਨਿਆਂ ਉਪਰ ਖੰਭ ਉੱਗੇ ਹੁੰਦੇ ਹਨ ।
ਖੰਭ ਦੋ ਪ੍ਰਕਾਰ ਦੇ ਹੁੰਦੇ ਹਨ: ਹੇਠਾਂ ਛੋਟੇ ਲੂੰਈ ਵਾਲੇ
ਅਤੇ ਉਪਰ ਲੰਮੇ—ਵੱਡੇ-ਵੱਡੇ ।
ਛੋਟੇ ਲੂੰਈ ਵਾਲੇ ਖੰਭ ਪੰਛੀਆਂ ਦੇ ਸਰੀਰ ਨੂੰ ਗਰਮ ਰਖਦੇ ਹਨ,
ਠੰਡ ਤੋਂ ਬਚਾਉਂਦੇ ਹਨ ।
ਵਡੇ ਖੰਭ ਉਡਣ ਦੇ ਕੰਮ ਆਉਂਦੇ ਹਨ ।
ਪਾਣੀ ਵਿਚ ਤਰਨ ਵਾਲੇ ਪੰਛੀਆਂ ਦੇ ਖੰਭ ਮੁਲਾਇਮ ਹੁੰਦੇ ਹਨ
ਇਸ ਲਈ ਪਾਣੀ ਨਾਲ ਗਿੱਲੇ ਨਹੀਂ ਹੁੰਦੇ ।



ਖੰਭ ਪੰਛੀਆਂ ਦੇ ਕਪੜੇ ਹਨ ।

ਜਿਵੇਂ ਤੁਸੀ ਰੰਗ-ਬਰੰਗੇ ਕਪੜੇ ਪਹਿਣਦੇ ਹੋ,

ਉਸੇ ਤਰਾਂ ਪੰਛੀਆਂ ਦੇ ਖੰਭ ਵੀ ਰੰਗ-ਬਰੰਗੇ ਹੁੰਦੇ ਹਨ

ਕਈ ਪੰਛੀਆਂ ਦੇ ਖੰਭ ਵਰ੍ਹੇ ਵਿਚ ਇਕ ਵਾਰ ਡਿਗ ਕੇ

ਫੇਰ ਨਵੇਂ ਨਿਕਲ ਆਉਂਦੇ ਹਨ ।

ਕਈ ਪੰਛੀਆਂ ਦਾ ਰੰਗ, ਮੌਸਮ ਅਨੁਸਾਰ

ਕੁਝ ਬਦਲ ਵੀ ਜਾਂਦਾ ਹੈ ।

ਕਈ ਪੰਛੀਆਂ ਦੇ ਬਚਿਆਂ ਦਾ ਰੰਗ-ਰੂਪ

ਬਚਪਨ ਵਿਚ ਆਪਣੇ ਮਾਤਾ-ਪਿਤਾ ਵਰਗਾ ਨਹੀਂ ਹੁੰਦਾ ।

ਜਦੋਂ ਵੱਡੇ ਹੋ ਜਾਂਦੇ ਹਨ, ਤਦ ਉਹੋ ਜਿਹਾ ਹੁੰਦਾ ਹੈ ।



ਪੰਛੀਆਂ ਦੀ ਪੂਛ ਵੀ ਹੁੰਦੀ ਹੈ।
ਪੂਛ, ਉਡਣ ਵਿਚ ਬਹੁਤ ਕੰਮ
ਆਉਂਦੀ ਹੈ।
ਉਡਣ ਸਮੇਂ ਸਰੀਰ ਨੂੰ,
ਸਿੱਧਾ ਰਖਣ, ਮੁੜਨ, ਰੁਕਣ ਅਤੇ
ਹੇਠਾਂ ਉਤਰਨ ਵਿਚ ਪੂਛ ਸਹਾਇਤਾ ਕਰਦੀ ਹੈ।
ਪੰਛੀ ਜਦੋਂ ਟਾਹਣੀ ਉਤੇ ਬੈਠਦੇ ਹਨ
ਤਾਂ ਪੂਛ ਸਰੀਰ ਨੂੰ ਸਿਧਾ ਰਖਣ,
ਵਿਚ ਸਹਾਈ ਹੁੰਦੀ ਹੈ।
ਮੋਰ ਆਪਣੀ ਪੂਛ ਨਾਲ ਹੀ ਸੋਹਣਾ ਲਗਦਾ ਹੈ।
ਕੁਕੜ ਦੀ ਪੂਛ ਵੀ ਸੋਹਣੀ ਹੁੰਦੀ ਹੈ।
ਕਈ ਪੰਛੀਆਂ ਦੀ ਪੂਛ ਪਤਲੀ
ਅਤੇ ਲੰਮੀ ਹੁੰਦੀ ਹੈ।
ਕੁਝ ਦੀ ਪੂਛ ਜਪਾਨੀ ਪੱਖੀ
ਵਾਂਗ ਖੁਲ੍ਹ ਜਾਂਦੀ ਹੈ।
ਕਲਚੀਟ ਦੀ ਪੂਛ
ਦੋ-ਫਾੜ ਹੁੰਦੀ ਹੈ।



ਪੰਛੀਆਂ ਦੇ ਦੰਦ ਨਹੀਂ ਹੁੰਦੇ।

ਜਦੋਂ ਇਹ ਖਾਂਦੇ ਹਨ, ਤਾਂ ਭੋਜਨ ਗਲੇ ਦੇ ਹੇਠਾਂ ਕੱਠਾ ਹੁੰਦਾ ਰਹਿੰਦਾ ਹੈ।

ਫੇਰ ਜਦ ਇਹ ਕੁਝ ਘੁਲ ਜਾਂਦਾ ਹੈ ਤਾਂ ਮਿਹਦੇ ਵਿਚ ਪਹੁੰਚਦਾ ਹੈ।

ਪੰਛੀਆਂ ਦੀਆਂ ਦੋ ਅੱਖਾਂ ਤੇ ਦੋ ਕੰਨ ਹੁੰਦੇ ਹਨ।

ਪੰਛੀਆਂ ਦੀਆਂ ਅੱਖਾਂ ਸਾਡੇ ਵਾਂਗ ਸਾਹਮਣੇ ਦੀ ਥਾਂ ਸੱਜੇ ਖੱਬੇ ਹੁੰਦੀਆਂ ਹਨ।

ਇਸ ਲਈ ਉਹ ਆਪਣੇ ਸੱਜੇ-ਖੱਬੇ ਚੀਜ਼ਾਂ ਨੂੰ ਇਕੋ ਵਾਰ ਦੇਖ ਸਕਦੇ ਹਨ।

ਸਾਹਮਣੇ ਦੀ ਚੀਜ਼ ਦੇਖਣ ਲਈ ਪੰਛੀ ਨੂੰ ਆਪਣਾ ਸਿਰ ਮੋੜਨਾ ਪੈਂਦਾ ਹੈ।

ਉੱਲੂ ਸਾਹਮਣੇ ਦੀ ਚੀਜ਼ ਨੂੰ ਸਿਰ ਮੋੜਨ ਤੋਂ ਬਿਨਾਂ ਦੇਖ ਸਕਦਾ ਹੈ, ਕਿਉਂਕਿ ਉਸਦੀਆਂ ਅਖਾਂ ਸਾਹਮਣੇ ਹੁੰਦੀਆਂ ਹਨ।






ਹਰ ਇਕ ਪੰਛੀ ਦੇ ਅੰਗ: ਖੰਭ, ਚੁੰਝ, ਟੰਗਾਂ ਅਤੇ ਪੰਜੇ
ਅਜਿਹੇ ਬਣੇ ਹੁੰਦੇ ਹਨ ਕਿ ਉਹ ਆਪਣਾ ਭੋਜਣ ਪ੍ਰਾਪਤ ਕਰ ਸਕੇ ।
ਕੀ ਤੁਸੀ ਦਸ ਸਕਦੇ ਹੋ ਕਿ
ਲਮਢੀਂਗ ਅਤੇ ਬਗ਼ਲੇ ਦੀ ਚੁੰਝ ਅਤੇ ਟੰਗਾਂ
ਲੰਮੀਆਂ ਕਿਉਂ ਹੁੰਦੀਆਂ ਹਨ ।
ਇਸੇ ਲਈ ਕਿ ਇਹ ਥੋੜੇ ਪਾਣੀ ਵਿਚ ਖੜੇ ਹੋ ਕੇ
ਆਪਣੀ ਲੰਮੀ ਚੁੰਝ ਨਾਲ ਪਾਣੀ ਵਿਚ ਤਰਦੀਆਂ
ਮੱਛੀਆਂ ਨੂੰ ਫੜ ਲੈਣ ।
ਇਸੇ ਤਰ੍ਹਾਂ ਸ਼ਿਕਾਰੀ ਪੰਛੀਆਂ ਦੀਆਂ ਚੁੰਝਾਂ ਨੁਕੀਲੀਆਂ
ਅਤੇ ਪੰਜਿਆਂ ਦੇ ਕੰਡੇ ਲੰਬੇ ਹੁੰਦੇ ਹਨ,
ਜਿਨ੍ਹਾਂ ਨਾਲ ਉਹ ਸ਼ਿਕਾਰ ਨੂੰ ਫੜ ਕੇ ਚੁੰਝ ਨਾਲ ਨੋਚਦੇ ਹਨ ।
ਤੋਤੇ ਦੀ ਚੁੰਝ ਤੁਸਾਂ ਦੇਖੀ ਹੀ ਹੋਵੇਗੀ ।
ਫਲਾਂ ਨੂੰ ਕੁਤਰਨ ਲਈ ਉਹ ਬੜੇ
ਕੰਮ ਦੀ ਚੀਜ਼ ਹੈ ।





ਕਈ ਪੰਛੀਆਂ ਦੇ ਨਰ ਅਤੇ ਮਦੀਨ ਦਾ ਰੂਪ-ਰੰਗ
ਇਕੋ ਜਿਹਾ ਨਹੀਂ ਹੁੰਦਾ ।
ਨਰ ਅਤੇ ਮਦੀਨ ਨੂੰ ਜੋੜਾ ਵੀ ਕਹਿੰਦੇ ਹਨ ।
ਸਭ ਪੰਛੀ ਆਂਡੇ ਦੇਂਦੇ ਹਨ ।
ਆਂਡੇ ਦੇਣ ਤੋਂ ਪਹਿਲਾਂ ਨਰ ਅਤੇ ਮਦੀਨ ਘਰ ਬਣਾਉਂਦੇ ਹਨ ।
ਪੰਛੀਆਂ ਦੇ ਘਰ ਨੂੰ ਆਲ੍ਹਣਾ ਕਹਿੰਦੇ ਹਨ ।
ਬਹੁਤ ਸਾਰੇ ਪੰਛੀ ਆਪਣਾ ਆਲ੍ਹਣਾ ਦਰਖਤਾਂ ਉਪਰ ਬਣਾਉਂਦੇ ਹਨ
ਚਿੜੀ ਅਤੇ ਕਬੂਤਰ ਆਪਣੇ ਆਲ੍ਹਣੇ ਘਰਾਂ ਵਿਚ ਬਣਾਉਂਦੇ ਹਨ ।
ਤੋਤੇ ਦਰਖਤ ਦੀ ਖੋੜ ਵਿਚ ਆਂਡੇ ਦੇਂਦੇ ਹਨ ।



ਕੁਝ ਪੰਛੀ ਝਾੜੀਆਂ ਜਾਂ ਪੱਥਰਾਂ ਵਿਚ, ਧਰਤੀ ਉਪਰ ਵੀ ਆਲ੍ਹਣਾ ਬਣਾਉਂਦੇ ਹਨ ।
ਕੁਝ ਪੰਛੀ ਦਰਿਆਵਾਂ ਅਤੇ ਖੱਡਾਂ ਦੇ ਕੰਢੇ ਦੀਆਂ ਰੇਤਲੀਆਂ ਕੰਧਾਂ ਨੂੰ ਪੁੱਟ ਕੇ ਆਲ੍ਹਣਾ ਬਣਾਉਂਦੇ ਹਨ ।



ਆਲ੍ਹਣਾ, ਤੀਲਿਆਂ, ਪੱਤਿਆਂ
ਘਾਹ, ਖੰਭਾਂ ਅਤੇ ਗਿੱਲੀ
ਮਿੱਟੀ ਨਾਲ ਬਣਦਾ ਹੈ ।



ਕਈ ਪੰਛੀ ਆਪਣਾ ਆਲ੍ਹਣਾ ਬੜੀ ਕਾਰੀਗਰੀ ਨਾਲ ਬਣਾਉਂਦੇ ਹਨ।

ਇਨ੍ਹਾਂ ਵਿਚ ਦਰਜਨ ਅਤੇ ਬਿਜੜੇ ਦਾ ਆਲ੍ਹਣਾ ਪ੍ਰਸਿੱਧ ਹੈ।

ਦਰਜਨ ਪੱਤਿਆਂ ਨੂੰ ਸਿਉਂ ਕੇ ਆਲ੍ਹਣਾ ਬਣਾਉਂਦੀ ਹੈ।

ਇਹ ਆਲ੍ਹਣਾ ਟਾਹਣੀ ਨਾਲ ਲਟਕਦਾ ਰਹਿੰਦਾ ਹੈ।


ਬਿਜੜੇ ਦਾ ਆਲ੍ਹਣਾ ਵੀ ਟਾਹਣੀ ਨਾਲ ਲਟਕਦਾ ਹੋਇਆ ਪੱਕੀ ਹੋਈ ਘੀਆ ਤੋਰੀ ਵਰਗਾ ਜਾਪਦਾ ਹੈ।

ਅਬਾ ਬੀਲ ਦਾ ਆਲ੍ਹਣਾ ਪਿਆਲੇ ਵਰਗਾ ਹੁੰਦਾ ਹੈ।





ਆਲ੍ਹਣਾ ਤਿਆਰ ਹੋ ਗਿਆ।
ਇਹ ਚਿੜੀਆਂ ਦੇ ਆਂਡੇ ਦੇਣ ਦਾ ਸਮਾਂ ਹੈ।
ਕੁਝ ਚਿੜੀਆਂ ਦੋ, ਕੁਝ ਤਿੰਨ, ਕੁਝ ਚਾਰ ਅਤੇ ਕੁਝ
ਇਸ ਤੋਂ ਵੀ ਵਧ ਆਂਡੇ ਦੇਂਦੀਆਂ ਹਨ।
ਮਦੀਨ ਚਿੜੀ
ਆਂਡਿਆਂ ਉਪਰ ਬੈਠਦੀ ਹੈ
ਉਹ ਆਂਡਿਆਂ ਉਪਰ
ਇੰਜ ਬੈਠਦੀ ਹੈ
ਕਿ ਉਸ ਦੇ ਸਰੀਰ
ਦੀ ਗਰਮੀ ਆਂਡਿਆਂ ਨੂੰ
ਪਹੁੰਚਦੀ ਰਹੇ।



ਗਰਮੀ ਲੈ ਕੇ ਆਂਡਿਆਂ ਦੇ ਅੰਦਰ ਬੱਚਾ ਵਧਦਾ ਹੈ।
ਜੇ ਆਂਡਿਆਂ ਨੂੰ ਗਰਮੀ ਨਾ ਮਿਲੇ ਤਾਂ ਬੱਚੇ ਨਹੀਂ ਨਿਕਲਦੇ।
ਮਦੀਨ ਚਿੜੀਆਂ ਕਈ-ਕਈ ਦਿਨ ਆਂਡਿਆਂ ਨੂੰ ਸਿਹੰਦੀਆਂ ਹਨ
ਆਂਡਿਆਂ ਦੇ ਅੰਦਰ ਬੱਚਾ ਹੌਲੀ-ਹੌਲੀ ਵਧਦਾ ਰਹਿੰਦਾ ਹੈ।
ਕੋਈ ਪੰਦਰਾਂ ਦਿਨਾਂ ਮਗਰੋਂ ਬੱਚਾ ਆਂਡੇ ਨੂੰ ਪਾੜ ਕੇ
ਬਾਹਰ ਨਿਕਲ ਆਉਂਦਾ ਹੈ।


ਬੱਚੇ ਆਂਡਿਆਂ ਤੋਂ ਬਾਹਰ ਨਿਕਲ ਆਏ ।
ਆਹਾ ! ਇਹ ਤਾਂ ਬਹੁਤ ਹੀ ਕੋਮਲ ਹਨ । ਅਖਾਂ ਬੰਦ ਹਨ ।
ਇਨ੍ਹਾਂ ਦੇ ਸਰੀਰ ਉਪਰ ਅਜੇ
ਨਾ ਲੂੰ ਹਨ, ਨਾ ਖੰਭ ।
ਬਿਲਕੁਲ ਨੰਗੇ ਹਨ ।
ਵਿਚਾਰੇ ਨਿਕੇ-ਨਿਕੇ ਬਚੇ !



ਇਨ੍ਹਾਂ ਨੂੰ ਬੜੀ ਭੁੱਖ ਲਗਦੀ ਹੈ ।
ਮਾਂ-ਚਿੜੀ ਬਚਿਆਂ ਲਈ ਭੋਜਨ ਲਿਆਉਂਦੀ ਹੈ
ਉਹ ਇਹ ਭੋਜਨ ਉਨ੍ਹਾਂ ਦੇ ਮੂੰਹ ਵਿਚ ਪਾਉਂਦੀ ਹੈ ।
ਉਹ ਵਾਰੀ-ਵਾਰੀ ਸਭਨਾਂ ਬਚਿਆਂ ਨੂੰ ਭੋਜਨ ਖੁਆਉਂਦੀ ਹੈ ।
ਮਾਤਾ-ਪਿਤਾ ਦੋਵੇਂ ਬਚਿਆਂ ਲਈ ਭੋਜਨ ਲਿਆਉਂਦੇ ਹਨ ।



ਸਤ-ਅਠ ਦਿਨਾਂ ਮਗਰੋਂ ਬਚੇ ਅੱਖਾਂ ਖੋਲ੍ਹਦੇ ਹਨ ।
ਜਲਦੀ ਹੀ ਬਚਿਆਂ ਦੇ ਲੂੰ ਨਿਕਲ ਆਉਂਦੇ ਹਨ ।
ਛੋਟੇ-ਛੋਟੇ ਖੰਭ ਨਿਕਲ ਆਉਂਦੇ ਹਨ।
ਉਹ ਖੰਭ ਫੜਫੜਾਉਣ ਲਗਦੇ ਹਨ ।
ਉਨ੍ਹਾਂ ਦਾ ਜੀ ਆਲ੍ਹਣੇ ਤੋਂ ਬਾਹਰ ਨਿਕਲਣ ਲਈ ਕਰਦਾ ਹੈ ।
ਉਹ ਵੀ ਆਪਣੇ ਮਾਤਾ-ਪਿਤਾ ਵਾਂਗ ਉਡਣਾ ਚਾਹੁੰਦੇ ਹਨ ।
ਉਹ ਆਲ੍ਹਣੇ ਤੋਂ ਬਾਹਰ ਦੀ ਦੁਨੀਆਂ ਦੇਖਣੀ ਚਾਹੁੰਦੇ ਹਨ ।
ਆਲ੍ਹਣੇ ਤੋਂ ਬਾਹਰ ਟਾਹਣੀ ਉਪਰ ਆ ਬੈਠਦੇ ਹਨ ।
ਡਰਦੇ ਡਰਦੇ ਛੋਟੀ ਜਹੀ ਉਡਾਰੀ ਲਾਉਂਦੇ ਹਨ
ਛੋਟੇ ਬੱਚੇ, ਛੋਟੀ ਜਹੀ ਉਡਾਰੀ ।
ਆਹਾ ! ਬੜਾ ਸੁਆਦ ਹੈ ਉੱਡਣ ਵਿਚ ।



ਬਚੇ ਉਡਣਾ ਸਿਖ ਰਹੇ ਹਨ।

ਮਾਤਾ-ਪਿਤਾ ਆਲੇ ਦੁਆਲੇ ਚਕਰ ਲਾ ਰਹੇ ਹਨ।

ਉਨ੍ਹਾਂ ਦੀ ਦੇਖ-ਭਾਲ ਪਏ ਕਰਦੇ ਹਨ।

ਮਾਤਾ-ਪਿਤਾ ਬੜੇ ਖੁਸ਼ ਹਨ।

ਉਨ੍ਹਾਂ ਦੇ ਬਚਿਆਂ ਨੇ ਅਜ ਪਹਿਲੀ ਉਡਾਰੀ ਲਾਈ ਹੈ

ਉਹ ਆਪਣਾ ਭੋਜਨ ਆਪਣੇ ਆਪ ਲਭਣ ਲਗ ਪੈਣਗੇ।

ਨੇੜੇ-ਤੇੜੇ ਦਾ ਚਕਰ ਲਾਉਣ ਗੇ।

ਮਾਤਾ ਪਿਤਾ ਬਚਿਆਂ ਨੂੰ ਉਦੋਂ ਤਕ ਪਾਲਦੇ ਹਨ,

ਜਦ ਤਕ ਉਹ ਉਡਣਾ ਨਹੀਂ ਸਿਖਦੇ।



ਕੀ ਤੁਸੀ ਵੀ ਚਾਹੁੰਦੇ ਹੋ ਕਿ ਪੰਛੀਆਂ ਵਾਂਗ ਆਕਾਸ਼ ਵਿਚ ਉਡੋ ?

ਆਕਾਸ਼ ਵਿਚ ਉਡਣ ਦੀ ਚਾਹ ਸਾਨੂੰ ਪੰਛੀਆਂ ਤੋਂ ਹੀ ਮਿਲੀ ਹੈ।

ਕੁਦਰਤ ਨੇ ਪੰਛੀਆਂ ਦੀ ਰਚਨਾ ਇੰਜ ਕੀਤੀ ਹੈ ਕਿ ਉਹ ਉਡ ਸਕਣ।


ਇਸ ਲਈ ਉਨ੍ਹਾਂ ਨੂੰ ਖੰਭ ਦਿਤੇ ਹਨ।

ਉਨ੍ਹਾਂ ਦਾ ਸਰੀਰ ਬਹੁਤ ਹੌਲਾ ਬਣਾਇਆ ਹੈ।

ਪੰਛੀਆਂ ਦੀ ਹੱਡੀਆਂ ਪੋਲੀਆਂ ਹੁੰਦੀਆਂ ਹਨ।

ਇੰਜ ਉਨ੍ਹਾਂ ਦਾ ਭਾਰ ਹੌਲਾ ਰਹਿੰਦਾ ਹੈ।

ਹੌਲੇ ਭਾਰ ਨਾਲ ਉਡਣ ਵਿਚ ਸੌਖ ਹੁੰਦੀ ਹੈ।



ਕੁਝ ਪੰਛੀ ਪਾਲਤੂ ਹੋ ਜਾਂਦੇ ਹਨ ।
ਕੁਝ ਪੰਛੀ ਸਿਖਾਉਣ ਨਾਲ ਮਨੁਖ ਦੀ
ਬੋਲੀ ਬੋਲਣ ਲਗ ਪੈਂਦੇ ਹਨ ।
ਤੋਤਾ, ਮੈਣਾ ਅਤੇ ਬੁਲਬੁਲ ਅਜਿਹੇ ਹੀ
ਪੰਛੀ ਹਨ ।
ਕਬੂਤਰ ਵੀ ਪਾਲਤੂ ਬਣ ਜਾਂਦੇ ਹਨ ।
ਪਾਲਤੂ ਕਬੂਤਰ ਦੂਤ ਦਾ ਕੰਮ ਵੀ
ਕਰਦੇ ਹਨ ।
ਪਾਲਤੂ ਕਬੂਤਰਾਂ ਵਿਚ ਉਡਣ ਦਾ
ਮੁਕਾਬਲਾ ਵੀ ਹੁੰਦਾ ਹੈ ।
ਤਿਤੱਰ, ਬਟੇਰਾ ਅਤੇ ਚਕੋਰ ਵੀ,
ਪਾਲੇ ਜਾਂਦੇ ਹਨ ।
ਬਾਜ਼ ਅਤੇ ਸ਼ਿਕਰਾ, ਸ਼ਿਕਾਰੀ ਪੰਛੀ
ਹਨ ।
ਉਨ੍ਹਾਂ ਨੂੰ ਸਿਖਾ ਕੇ ਇਨ੍ਹਾਂ ਤੋਂ ਹੋਰਨਾਂ ਪੰਛੀਆਂ
ਦਾ ਸ਼ਿਕਾਰ ਕਰਾਇਆ ਜਾਂਦਾ ਹੈ ।



ਪੰਛੀ ਜੰਗਲਾਂ, ਬਾਗ਼ਾਂ ਅਤੇ ਖੇਤਾਂ ਵਿਚ,
ਦਰਿਆਵਾਂ, ਝੀਲਾਂ ਅਤੇ ਤਲਾਵਾਂ ਦੇ ਕੰਢੇ ਰਹਿੰਦੇ ਹਨ ।
ਸ਼ਹਿਰਾਂ ਵਿਚ ਕਾਂ, ਕਬੂਤਰ, ਮੈਣਾ ਅਤੇ ਚਿੜੀ ਵਰਗੇ
ਪੰਜ-ਛੇ ਪ੍ਰਕਾਰ ਦੇ ਪੰਛੀ ਹੀ ਦਿਸਦੇ ਹਨ ।
ਉਂਜ ਵੀ ਸਭ ਤਰਾਂ ਦੇ ਪੰਛੀ ਕਿਸੇ ਇਕ ਥਾਂ
ਅਤੇ ਇਕ ਰੁੱਤ ਵਿਚ ਨਹੀਂ ਦਿਸਦੇ ।
ਤੁਸੀ ਜੇ ਇਕ ਹੀ ਥਾਂ ਬਹੁਤ ਸਾਰੇ ਪੰਛੀਆਂ ਨੂੰ
ਦੇਖਣਾ ਚਾਹੁੰਦੇ ਹੋ ਤਾਂ ਚਿੜੀਆ ਘਰ ਜਾਓ ।
ਚਿੜੀਆ ਘਰ ਵਿਚ ਦੇਸ ਅਤੇ ਬਦੇਸ ਦੇ
ਰੰਗ-ਬਰੰਗੇ, ਛੋਟੇ-ਵਡੇ, ਅਨੇਕ ਰੂਪ-ਰੰਗ ਦੇ ਪੰਛੀ
ਜਾਲੀਦਾਰ ਵਡੇ-ਵਡੇ ਕਮਰਿਆਂ ਵਿਚ ਪਾਲੇ ਜਾਂਦੇ ਹਨ






ਸਭ ਪੰਛੀ ਉਡਦੇ ਹਨ : ਕੋਈ ਥੋੜਾ, ਕੋਈ ਬਹੁਤ।
ਕੁਝ ਪੰਛੀ ਬਹੁਤ ਉੱਚਾ ਉਡਦੇ ਹਨ।
ਕੁਝ ਪੰਛੀ ਉਡਦੇ ਵੀ ਹਨ ਅਤੇ
ਧਰਤੀ ਉਪਰ ਚਲਦੇ ਵੀ ਹਨ।
ਮੋਰ ਆਪਣੀ ਭਾਰੀ ਪੂਛ ਕਾਰਣ ਬਹੁਤਾ ਉਡ ਨਹੀਂ ਸਕਦਾ
ਪਰ ਦੌੜ ਚੰਗਾ ਲੈਂਦਾ ਹੈ।
ਗਿੱਧ ਬਹੁਤ ਉਚੀ ਉਡਦੀ ਹੈ। ਵਡਾ ਚਮਗਾਦੜ
ਰਾਤ ਨੂੰ ਉਡਦਾ ਹੈ ਅਤੇ ਦਿਨ ਵੇਲੇ ਟਾਹਣੀ ਨਾਲ
ਪੁੱਠਾ ਲਟਕਿਆ ਰਹਿੰਦਾ ਹੈ।

ਇਹ ਬਾਗਾਂ ਉਪਰ ਹਮਲਾ
ਕਰਦਾ ਹੈ।
ਬੜਾ ਹਾਨੀਕਾਰਕ ਹੈ
ਪਰ ਇਹ ਪੰਛੀ ਨਹੀਂ,
ਪਸ਼ੂ ਹੈ।





ਪੰਛੀਆਂ ਨੂੰ ਮੋਟੇ ਰੂਪ ਵਿਚ ਪੰਜ ਭਾਗਾਂ ਵਿਚ ਵੰਡ ਸਕਦੇ ਹਾਂ :

੧. ਇਨ੍ਹਾਂ ਵਿਚੋਂ ਕੁਝ ਤਾਂ ਬਸਤੀਆਂ ਅਤੇ ਬਾਗਾਂ ਵਿਚ ਰਹਿੰਦੇ ਹਨ ।

੨. ਕੁਝ ਤਲਾਵਾਂ ਅਤੇ ਝੀਲਾਂ ਦੇ ਪਾਣੀ ਵਿਚ ਰਹਿੰਦੇ ਹਨ ।

੩. ਕੁਝ ਇਹੋ ਜਿਹੇ ਵੀ ਹਨ ਜਿਹੜੇ ਪਾਣੀ ਦੇ ਕੰਢੇ ਰਹਿੰਦੇ ਹਨ ।

੪. ਕੁਝ ਪੰਛੀ ਦੂਸਰੇ ਪੰਛੀਆਂ ਅਤੇ ਜਾਨਵਰਾਂ ਨੂੰ ਮਾਰ ਕੇ ਖਾਂਦੇ ਹਨ । ਇਹ ਸ਼ਿਕਾਰੀ ਪੰਛੀ ਹਨ ।

੫. ਕੁਝ ਪੰਛੀ ਇਹੋ ਜਿਹੇ ਹਨ ਜਿਨ੍ਹਾਂ ਦਾ ਸ਼ਿਕਾਰ ਮਨੁਖ ਕਰਦੇ ਹਨ ਅਤੇ ਅਤੇ ਉਨ੍ਹਾਂ ਦਾ ਮਾਸ ਖਾਂਦੇ ਹਨ ।











ਪੰਛੀ ਸਾਡੇ ਲਈ ਬੜੇ ਲਾਭਦਾਇਕ ਹਨ ।
ਇਹ ਖੇਤੀ ਨੂੰ ਨੁਕਸਾਨ ਪੁਚਾਉਣ ਵਾਲੇ ਕੀੜਿਆਂ ਨੂੰ ਖਾਂਦੇ ਹਨ ।
ਉਲੂ ਚੂਹਿਆਂ ਨੂੰ ਖਾ ਜਾਂਦਾ ਹੈ ।
ਗਿਧ, ਇੱਲਾਂ ਅਤੇ ਕਾਂ ਮਰੇ ਹੋਏ ਜਾਨਵਰਾਂ ਨੂੰ ਖਾ ਕੇ
ਸਫ਼ਾਈ ਦਾ ਕੰਮ ਕਰਦੇ ਹਨ ।
ਕਈ ਪੰਛੀਆਂ ਦਾ ਮਾਸ ਅਤੇ ਆਂਡੇ ਖਾਣ ਦੇ ਕੰਮ ਆਉਂਦੇ ਹਨ ।
ਕੁਝ ਪੰਛੀ ਇਹੋ ਜਿਹੇ ਵੀ ਹਨ, ਜਿਹੜੇ ਖਲੋਤੀਆਂ ਫਸਲਾਂ ਅਤੇ
ਫ਼ਲਾਂ ਨੂੰ ਨੁਕਸਾਨ ਪੁਚਾਉਂਦੇ ਹਨ ।
ਇਹੋ ਜਿਹੇ ਪੰਛੀਆਂ ਵਿਚ ਤੋਤਾ ਸਭ ਤੋਂ ਵਧ ਹੈ ।




ਪੰਛੀ ਇਕ ਹੋਰ ਕੰਮ ਵੀ ਕਰਦੇ ਹਨ।
ਇਹ ਜਦੋਂ ਫ਼ਲਾਂ ਨੂੰ ਖਾਂਦੇ ਹਨ,
ਤਾਂ ਉਨ੍ਹਾਂ ਦੇ ਬੀਜਾਂ ਨੂੰ ਸਾਬਤ ਨਿਗਲ ਜਾਂਦੇ ਹਨ।
ਫੇਰ ਜਦੋਂ ਇਹ ਲੰਮੀ ਉਡਾਰੀ ਮਾਰ ਕੇ
ਦੁਰਾਡੀਆਂ ਥਾਵਾ ਉਪਰ ਚਲੇ ਜਾਂਦੇ ਹਨ
ਤਾਂ ਖਾਧੇ ਹੋਏ ਬੀਜ ਵਿਠ ਵਿਚੋਂ ਸਾਬਤ ਨਿਕਲ ਜਾਂਦੇ ਹਨ।
ਇਸਤਰਾਂ ਇਕ ਦੇਸ ਦੇ ਬੀਜਾਂ ਨੂੰ ਦੂਸਰੇ ਦੇਸ ਵਿਚ
ਪੁਚਾਉਣ ਦਾ ਕੰਮ ਕਰਦੇ ਹਨ।



ਪੰਛੀਆਂ ਦੀਆਂ ਕਈ ਗਲਾਂ ਬੜੀਆਂ ਅਜੀਬ ਹੁੰਦੀਆਂ ਹਨ ।
ਜਿਨ੍ਹਾਂ ਦੇਸਾਂ ਵਿਚ ਸਖਤ ਠੰਡ ਪੈਂਦੀ ਹੈ
ਧਰਤੀ ਉਪਰ ਬਰਫ਼ ਦੀ ਚਦਰ ਵਿਛ ਜਾਂਦੀ ਹੈ,
ਠੰਡ ਦੇ ਮਾਰੇ ਜਿਊਣਾ ਮੁਸ਼ਕਲ ਹੋ ਜਾਂਦਾ ਹੈ,
ਉਥੇ ਵਿਚਾਰੇ ਪੰਛੀ ਕੀ ਖਾਣ, ਤੇ ਕਿਥੇ ਰਹਿਣ ।
ਉਥੋਂ ਦੇ ਪੰਛੀ ਕੁਝ ਮਹੀਨਿਆਂ ਲਈ
ਆਪਣੇ ਦੇਸ ਛਡ ਕੇ ਦੂਸਰੇ ਦੇਸਾਂ ਵਿਚ ਚਲੇ ਜਾਂਦੇ ਹਨ
ਇਹੋ ਜਿਹੇ ਦੇਸਾਂ ਵਿਚ ਜਿਥੇ ਘਟ ਠੰਡ ਪੈਂਦੀ ਹੋਵੇ,
ਤੇ ਖਾਣ-ਪੀਣ ਦਾ ਅਰਾਮ ਹੋਵੈ ।



ਪੰਛੀਆਂ ਦੀ ਇਹ ਯਾਤਰਾ ਹਜ਼ਾਰਾਂ ਮੀਲ ਦੀ
ਹੁੰਦੀ ਹੈ ।
ਕਈ-ਕਈ ਦਿਨ ਉਹ ਉਡਦੇ ਹੀ ਹਹਿੰਦੇ ਹਨ ।
ਕੁਝ ਤਾਂ ਰਾਹ ਵਿਚ ਹੀ ਮਰ ਜਾਂਦੇ ਹਨ
ਉਹ ਦਿਨ ਭਰ ਉਡਦੇ ਹੀ ਰਹਿੰਦੇ ਹਨ ।
ਰਾਤ ਨੂੰ ਭੋਜਨ ਅਤੇ ਆਰਾਮ ਕਰਦੇ ਹਨ ।
ਹੈਰਾਨੀ ਦੀ ਗਲ ਹੈ ਕਿ
ਉਹ ਹਰ ਵਰ੍ਹੇ ਇਕੋ ਹੀ ਰਾਹ ਤੋਂ ਜਾਂਦੇ ਹਨ।
ਕੌਣ ਇਨ੍ਹਾਂ ਨੂੰ ਇਹ ਸਭ ਦਸਦਾ-ਸਮਝਾਉਂ ਦਾ ਹੈ?
ਇਹ ਸਭ ਸੁਭਾਵਕ ਕੰਮ ਹਨ ।



ਜਦ ਉਹ ਚੰਗੇ ਜਲ-ਵਾਯੂ ਵਾਲੇ ਥਾਂ ਪਹੁੰਚ ਜਾਂਦੇ ਹਨ,
ਤਾਂ ਸੁਖ ਦਾ ਸਾਹ ਲੈਂਦੇ ਹਨ ।
ਦਿਨ ਭਰ ਕੀੜੇ-ਮਕੌੜੇ, ਦਾਣਾ-ਦੁਣਕਾ ਚੁਗ ਕੇ ।
ਰਾਤ ਨੂੰ ਸੰਘਣੇ ਦਾਰਖਤਾਂ ਉਪਰ ਬਸੇਰਾ ਕਰਦੇ ਹਨ ।
ਫਿਰ ਸਰਦੀਆਂ ਮੁਕਣ ਲਗਦੀਆਂ ਹਨ
ਤਾਂ ਵਾਪਸ ਉਡਕੇ ਆਪਣੇ ਦੇਸ ਨੂੰ ਚਲੇ ਜਾਂਦੇ ਹਨ ।
ਉਥੇ ਨਵੇਂ ਆਲ੍ਹਣੇ ਬਣਾਉਂਦੇ ਹਨ ।
ਆਂਡੇ ਦੇਂਦੇ ਹਨ ਅਤੇ ਉਨ੍ਹਾਂ ਨੂੰ ਸਿਹੰਦੇ ਹਨ ।
ਆਂਡਿਆਂ ਵਿਚੋਂ ਬਚੇ ਨਿਕਲਦੇ ਹਨ । ਬਚੇ ਵਡੇ ਹੁੰਦੇ ਹਨ ।
ਉਡਣਾ ਸਿਖਦੇ ਹਨ ਅਤੇ ਪੂਰੇ ਪੰਛੀ ਬਣ ਜਾਂਦੇ ਹਨ ।
ਇਹੋ ਸਿਲਸਲਾ ਹਰ ਵਰ੍ਹੇ ਚਲਦਾ ਹੈ ।



ਕੀ ਤੁਸਾਂ ਕਦੇ ਬਾਗ਼ ਵਿਚ
ਚੱਕੀਰਾਹੇ ਨੂੰ ਠਕ-ਠਕ ਆਵਾਜ਼
ਕਰਦਿਆਂ ਸੁਣਿਆ ਹੈ ?
ਚੱਕੀਰਾਹਾ ਦਰਖਤ ਦੇ ਮੁਢ ਉਪਰ
ਬੈਠ ਕੇ ਛਿਲੜ ਉਪਰ ਜ਼ੋਰ
ਨਾਲ ਚੁੰਝ ਮਾਰਦਾ ਹੈ ।
ਛਿਲੜ ਦੇ ਹੇਠ ਲੁਕੇ ਹੋਏ ਕੀੜੇ
ਇਸ ਠਕ-ਠਕ ਤੋਂ ਡਰ ਕੇ
ਬਾਹਰ ਨਿਕਲ ਆਉਂਦੇ ਹਨ ।
ਉਨ੍ਹਾਂ ਦੇ ਬਾਹਰ ਨਿਕਲਦਿਆਂ ਹੀ ।
ਚੱਕੀਰਾਹਾ ਆਪਣੀ ਲੰਮੀ
ਚੁੰਝ ਨਾਲ ਉਨ੍ਹਾਂ ਨੂੰ ਫੜ ਲੈਂਦਾ ਹੈ
ਅਤੇ ਖਾ ਜਾਂਦਾ ਹੈ ।



ਕੋਇਲ ਬਸੰਤ ਰੁੱਤ ਵਿਚ ਕੂਹੂ-ਕੂਹੂ ਬੋਲਦੀ ਹੈ।
ਬਰਸਾਤ ਵਿਚ ਜਦ ਕਾਲੇ ਬੱਦਲ ਗਰਜਦੇ ਹਨ,
ਬਿਜਲੀ ਲਿਸ਼ਕਦੀ ਹੈ,
ਮੋਰ ਨਚ ਕੇ ਪੈਲ ਪਾਉਂਦਾ ਹੈ।
ਤਾਂ ਮੋਰ ਸਾਡਾ ਕੌਮੀ ਪੰਛੀ ਹੈ।
ਕੁਕੜ ਬਾਂਗ ਦੇਂਦਾ ਹੈ।
ਕਬੂਤਰ ਗੁਟਰ-ਗੂੰ ਕਰਦੇ ਹਨ।
ਛੋਟੀਆਂ ਚਿੜੀਆਂ ਚੂਕਦੀਆਂ ਹਨ।
ਬਤਖ਼ ਕੈਂ-ਕੈਂ ਕਰਦੀ ਹੈ।



ਪੰਛੀਆਂ ਦਾ ਪਾਲ ਬਣਾ ਕੇ ਆਕਾਸ਼ ਵਿਚ ਉਡਣਾ
ਬੜਾ ਚੰਗਾ ਲਗਦਾ ਹੈ।
ਜਦ ਉਡਦੇ ਹੋਏ ਪੰਛੀ
ਕਈ ਤਰ੍ਹਾਂ ਦੀਆਂ ਪਾਲਾਂ ਬੰਨ੍ਹਦੇ ਹਨ
ਤਾਂ ਦੇਖਣ ਵਾਲੇ ਹੈਰਾਨ ਰਹਿ ਜਾਂਦੇ ਹਨ।



ਹੁਣ ਤੁਸੀ ਜੰਗਲ ਜਾਂ ਬਾਗ਼ ਵਿਚ ਭਾਂਤ-ਭਾਂਤ ਦੇ ਪੰਛੀ ਤੱਕੋ।
ਲਭਣ ਤੇ ਉਨ੍ਹਾਂ ਦੇ ਆਲ੍ਹਣੇ ਮਿਲ ਜਾਣਗੇ।
ਕਿਹੜਾ ਪੰਛੀ ਕੀ ਖਾਂਦਾ ਹੈ, ਇਸਦਾ ਪਤਾ ਕਰੋ।
ਪਰ ਕਦੇ ਵੀ ਪੰਛੀਆਂ ਦੇ, ਆਂਡਿਆਂ ਜਾਂ ਬਚਿਆਂ ਨੂੰ
ਹੱਥ ਨਾ ਲਾਉਣਾ।
ਪੰਛੀਆਂ ਦੇ ਕੋਲ ਜਾਣਾ ਹੋਵੇ ਤਾਂ ਚੁਪ ਕੀਤੇ ਜਾਓ,
ਬਿਨਾਂ ਰੌਲੇ ਦੇ, ਬਿਨਾਂ ਨੱਸ-ਭਜ ਦੇ ਉਨ੍ਹਾਂ ਕੋਲ ਜਾਓਗੇ
ਤਾਂ ਉਨ੍ਹਾਂ ਨੂੰ ਚੰਗੀ ਤਰਾਂ ਦੇਖ ਸਕੋਗੇ। ਕੋਇਲ ਦਾ ਗੀਤ
ਮੋਰ ਦਾ ਨੱਚਣਾ, ਬਗਲੇ ਦਾ ਝਪਟ ਕੇ ਮੱਛੀ
ਨੂੰ ਫੜਨਾ, ਸੁਣਨਾ ਅਤੇ ਦੇਖਣਾ ਚਾਹੁੰਦੇ ਹੋ ਤਾਂ ਚੁਪ ਕਰਕੇ ਜਾਓ
ਮਿਤਰ ਵਾਂਗ ਜਾਓ, ਵੈਰੀ ਵਾਂਗ ਨਹੀਂ।
ਕਾਂ ਕਬੂਤਰ, ਮੈਣਾ ਅਤੇ ਚਿੜੀ ਨੂੰ ਤਾਂ ਵਿਹੜੇ ਵਿਚ ਦਾਣਾ ਪਾ ਕੇ
ਚੁਗਦਿਆਂ ਦੇਖ ਸਕਦੇ ਹੋ।

